**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ**
**ਪੁੱਡਾ ਭਵਨ, ਸੈਕਟਰ 62, ਐਸ.ਏ.ਐਸ.ਨਗਰ।**

**ਸ੍ਰੀ ਐਸ.ਐਸ. ਸੰਧੂ, ਆਈ.ਏ.ਐਸ., ਸਕੱਤਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੀ ਪ੍ਰਧਾਨਗੀ ਹੇਠ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ(ਪੁੱਡਾ) ਦੀ ਵਿੱਤ ਅਤੇ ਲੇਖਾ ਕਮੇਟੀ ਦੀ ਮਿਤੀ 2.5.11 ਨੂੰ ਸਵਰੇ 10.00 ਵਜੇ ਹੋਈ 61 ਵੀਂ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰ ਹਾਜਰ ਸਨ:-

(1) ਸ਼੍ਰੀ ਅਰੁਨਜੀਤ ਸਿੰਘ ਮਿਗਲਾਨੀ, ਆਈ.ਏ.ਐਸ., ਮੁੱਖ ਪ੍ਰਸ਼ਾਸਕ, ਪੁੱਡਾ।

(2) ਸ਼੍ਰੀਮਤੀ ਊਸ਼ਾ ਸਹਿਗਲ, ਸੰਯੁਕਤ ਸਕੱਤਰ, ਵਿੱਤ(ਯੂ), ਵਿੱਤ ਵਿਭਾਗ, ਪੰਜਾਬ।

ਸ੍ਰੀ ਰਾਜੇਸ਼ ਸੋਢੀ, ਆਈ.ਆਰ.ਐਸ., ਵਧੀਕ ਮੁੱਖ ਪ੍ਰਸ਼ਾਸਕ(ਵਿ: ਤੇ ਲੇ:) ਵੀ ਹਾਜ਼ਰ ਸਨ।

ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮ ਵਿਚਾਰੇ ਗਏ:-

**ਅਜੰਡਾ ਆਈਟਮ ਨੰ: 61.01**

ਵਿਸ਼ਾ: **ਪੰਜਾਬ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਥਾਰਿਟੀ ਦੀ ਵਿੱਤ ਅਤੇ ਲੇਖਾ ਕਮੇਟੀ ਦੀ 60ਵੀਂ ਮੀਟਿੰਗ ਦੀ ਪੁਸ਼ਟੀ ਕਰਨ ਬਾਰੇ**

ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 61.02**

ਵਿਸ਼ਾ: **ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਅਤੇ ਲੇਖਾ ਕਮੇਟੀ ਦੀ ਮਿਤੀ 1.9.10 ਨੂੰ ਹੋਈ 59ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ।**

ਕਾਰਵਾਈ ਦੀ ਪੁਸਟੀ ਕੀਤੀ ਗਈ।

**ਅਜੰਡਾ ਆਈਟਮ ਨੰ: 61.03**

ਵਿਸ਼ਾ: **ਸਾਲ 2011-2012 ਦੇ ਬਜਟ ਅਨੁਮਾਨ ਅਤੇ ਸਾਲ 2010-11 ਦਾ ਸੋਧਿਆ ਹੋਇਆ ਬਜਟ ਅਨੁਮਾਨ ਸਬੰਧੀ।**

ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਵਿੱਤ ਤੇ ਲੇਖਾ ਕਮੇਟੀ ਨੇ ਪੁੱਡਾ ਦੀ ਸਾਲ 2011-12 ਦੇ ਬਜਟ ਅਨੁਮਾਨ ਅਤੇ 2010-11 ਦੇ ਸੋਧੇ ਬਜਟ ਅਨੁਮਾਨ ਨੂੰ ਘੋਖਿਆ ਅਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਅਥਾਰਿਟੀ ਨੂੰ ਹੇਠ ਲਿਖੀਆਂ ਸੋਧਾਂ ਨਾਲ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ :-

1. ਛੋਟੀ ਬਾਰਾਦਰੀ, ਜਲੰਧਰ ਦੀ ਸਕੀਮ ਤੋਂ ਪ੍ਰਾਪਤ ਹੋਈ ਰਕਮ ਵਿੱਚੋਂ ਸਾਲ 2011-12 ਵਿੱਚ ਸਰਕਾਰ ਨੂੰ ਦੇਣ ਵਾਲੀ ਰਕਮ ਨੂੰ 60 ਕਰੋੜ ਤੋਂ ਵਧਾ ਕੇ 120 ਕਰੋੜ ਕਰ ਦਿੱਤਾ ਜਾਵੇ।
2. ਪਿੰਡ ਚੱਕ ਅਬਦਲਵਾਰੀ, ਗੁਰਦਾਸਪੁਰ ਵਿਖੇ ਛੋਟਾ ਘੱਲੂਘਾਰਾ ਬਨਾਉਣ ਲਈ ਸਾਲ 2011-12 ਵਿੱਚ 7.50 ਕਰੋੜ ਤੋਂ ਵਧਾ ਕੇ 10.00 ਕਰੋੜ ਦੀ ਪ੍ਰੋਵੀਜਨ ਕਰ ਲਈ ਜਾਵੇ ।

ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ।

**ਐਸ. ਐਸ. ਸੰਧੂ,**
**ਆਈ.ਏ.ਐਸ.**
**ਸਕੱਤਰ, ਮਕਾਨ ਉਸਾਰੀ**
**ਤੇ ਸ਼ਹਿਰੀ ਵਿਕਾਸ ਵਿਭਾਗ**